

**ਜਾ** ੴ

**ਸਿੱਖ**

**'ਸਵੈਯਾ ॥ ਪਾਇੰ ਗਹੇ ਜਬ ਤੇ ਤੁਮਰੇ . . . ' ਪੜ੍ਹ ਕੇ**

**ਕਿਸ ਦੇ ਪੈਰਾਂ ਨਾਲ**

**ਲਗਣ ਦੀ ਗਲ ਕਰਦੇ ਹਨ ?**

ਦੇਵੀ **ਦੁਰਗਾ** ਦੇ ? **ਜਾ** ੴ ਦੇ ?

**ਅਤੇ**

**'ਦੋਹਰਾ ॥ ਸਗਲ ਦਵਾਰ ਕੋ ਛਾਡਿ ਕੈ. . .' ਪੜ੍ਹ ਕੇ**

**ਆਪਣੀ ਲਾਜ ਰਖਾਉਣ ਲਈ**

**ਕਿਸ ਅਗੇ ਲੇਲੜੀ ਕਢਦੇ ਹਨ ?**

ਦੇਵੀ **ਦੁਰਗਾ** ਅਗੇ ? **ਜਾ** ੴ ਅਗੇ ?

**ਅਤੇ, ਕੀ ਇਹ ਦੋਨੋ ਸਵੈਯਾ ਤੇ ਦੋਹਰਾ ਗੁਰੂ ਗੋਬਿੰਦ ਸਿੰਘ ਸਾਹਿਬ ਕ੍ਰਿਤ ਹਨ ?**

**ਪੜ੍ਹ ਕੇ ਕਰੋ, . . . ਤੁਸੀ ਫੈਸਲਾ ।**

ਇਸ ਵਿਚ ਕੋਈ ਸ਼ਕ ਨਹੀਂ । ਕਿ ਜਦ ਵੀ, ਸਿੱਖ ਜਗਤ ਵਿਚ, ਕੋਈ ਵੀ ਸਿੱਖ **ਰੋਜ਼ ਰਹਿਰਾਸ ਵੇਲੇ,** ਅਖਾਂ ਮੀਚ ਕੇ ਇਸ ਦੋਹਰੇ **('ਸਗਲ ਦੁਆਰ ਕਉ ਛਾਡਿ ਕੈ'** ਦੀ ਅੰਤਿਕ ਲਾਈਨ ਵਿਚ ਅਖੱਰ "ਗੋਬਿੰਦ" ਵਾਲੀ ਲਾਈਨ "ਗੋਬਿੰਦ ਦਾਸ ਤੁਹਾਰ" ਪੜ੍ਹਦਾ ਹੈ ॥ ਤਾਂ ਉਸ ਦੇ ਦਿਲ ਵਿਚ ਪਕਾ ਯਕੀਨ ਹੋ ਜਾਂਦਾ ਹੈ । ਕਿ ਸਾਰੀ **ਚੌਪਈ, ਸਵੈਯਾ, ਅਤੇ ਦੋਹਰਾ** ਗੁਰੂ ਗੋਬਿੰਦ ਸਿੰਘ ਸਾਹਿਬ ਦੇ ਲਿਖੇ ਹੋਏ ਹਨ । ਅਤੇ ਇਹ ਹੀ ਹੈ ਇਸ ਦੀ **ਉਸਤਾਦੀ** ।

**ਸਵੈਯੇ ਤੇ ਦੋਹਰੇ ਬਾਰੇ ਜਾਣਕਾਰੀ:** . . . ਇਹ ਸਵੈਯਾ ਅਤੇ ਦੋਹਰਾ ਇਸ ਉਪਰ ਲਿਖੀ (ਚੌਪਈ ਤੋਂ ਬਾਦ ਵਾਲੀ) ਥਾਂ ਦੀ ਬਜਾਏ ਕਥਿਤ-ਦਗ; ਦੇ "ਚਉਬੀਸ ਅਵਤਾਰ" ਦੇ ੨੦ਵੇਂ ਅਵਤਾਰ 'ਰਾਮ ਆਵਤਾਰ' ਦੀ **ਰਾਮਾਇਣ ਕਥਾ** ਦੇ ਅਖੀਰ ਵਿਚ (ਕਥਿਤ-ਦਗ ਦੇ ਕੋਈ ੧੦੦ ਮੀਲ ਲਾਂਭੇ, ਪਨਾ ੨੫੪) ਤੇ ਇਸ ਦੇ ਅਟੁਟਵੇ ਅੰਗਾਂ ਦੇ ਤੌਰ ਤੇ ਲਿਖੇ ਹੋਇ ਹਨ ।

**ਸਵੈਯਾ: ('ਪਾਇੰ ਗਹੇ ਜਬ ਤੇ ਤੁਮਰੇ') ਅਤੇ ਦੁਹਰਾ ('ਸਗਲ ਦੁਆਰ ਕਉ ਛਾਡਿ ਕੈ')॥ ਦੇ ਸਿਰਲੇਖ ਅਤੇ ਅੰਤਕਾ ਦੇ ਦਰਸ਼ਣ:**

**a) 'ਰਾਮ ਅਵਤਾਰ' ਦੀ ਅੰਤਕਾ:** . . .ਜਾਨਕੀ ਬਿਯੋਗ ॥ ੮੫੦ ॥

ਇਤਿ **ਸ੍ਰੀ ਬਚਿਤ੍ ਨਾਟਕ ਰਾਮਵਤਾਰੇ ਸੀਤਾ** ਕੇ ਹੇਤ ਮ੍ਰਿਤ ਲੋਕ ਸੇ ਗਏ ਧਿਆਇ ਸਮਾਪਤਮ ॥ (ਕਬਿਤ-ਦਗ; ਪਨਾ ੨੫੩)

**b) ਪਉੜੀ ੮੬੨: ਸਵੈਯੇ ਦਾ ਇਸ਼ਟ :** . . .

ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਧ ॥ ਗ੍ਰੰਥ ਸਕਲ ਪੂਰਣ ਕੀਯੋ **ਭਗਵਤ ਕ੍ਰਿਪਾ** ਪ੍ਰਸਾਦਿ ॥੮੬੨॥
ਮਤਲਬ: . . . ਕਿ ਅਸੀ, **ਕਬਿ ਸਯਾਮ ਅਤੇ ਰਾਮ** ਨੇ ਇਹ **ਰਾਮਾਇਣ** ਵਾਲਾ ਗ੍ਰੰਥ, ਸਾਡੀ **ਇਸ਼ਟ ਭਗਵਤ (ਦੇਵੀ ਦੁਰਗਾ)** ਦੀ ਕ੍ਰਿਪਾ ਨਾਲ ਪੂਰਾ ਕੀਤਾ ਹੈ ।

**c) ਪਉੜੀਆਂ ੮੬੩, ੮੬੪:**

**ਸਵੈਯਾ । ਪਾਂਇ ਗਹੇ ਜਬ ਤੇ ਤੁਮਰੇ** . . . ਮੈ ਨ ਕਹਿਯੋ ਸਭ ਤੁਹਿ ਬਖਾਨਿਯੋ ॥੮੬੩॥ ਦੋਹਰਾ ॥ **ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ ॥ ਬਾਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ** ॥੮੬੪॥

ਇਤਿ **ਸ੍ਰੀ ਰਾਮਾਇਣ** ਸਮਾਪਤਮ ਸਤੁ ਸੁਭਮ ਸਤੁ॥. . . (Ref: ਕਬਿਤ ਦਗ: Pg. 254)

**(ਨੋਟ ਕਰੋ ਜੀ:)** . . . ੧) ਕਿ ਇਹ ਸਵੈਯਾ ਰਾਮਾਇਣ ਕਥਾ ਦੀਆਂ ਪਉੜੀਆਂ ੮੬੨, ੮੬੩,ਅਤੇ ੮੬੪ ਕਰਕੇ ਸ੍ਰੀ ਰਾਮਾਇਣ ਕਥਾ ਦਾ ਅਟੁਟਵਾਂ ਅੰਗ ਹੈ । ਜਿਹੜਾ ਕਿ **ਦੇਵੀ ਦੁਰਗਾ** ਦੀ ਕਿਰਪਾ ਨਾਲ ਪਰਗਟ ਹੋਇਆ ਹੈ ।

੨) ਇਸ ਲਈ ਇਸ ਦੀ ਪਉੜੀ ੮੬੪ ਵਿਚ, ਪਉੜੀ ੮੬੨ ਮੁਤਾਬਿਕ, ਅਖਰ **"ਗੋਬਿੰਦ"** ਦਾ ਮਤਲਬ ਹੈ; ਹੇ **ਦੁਰਗਾ,** ਸ੍ਰਿਸ਼ਟੀ ਦੀ ਰਖਿਅਕ । ਅਤੇ ਅਖਰ **"ਦਾਸ ਤੁਹਾਰ"** ਦਾ ਮਤਲਬ ਹੈ **"ਤੇਰੇ ਦਾਸ, ਕਵੀ ਰਾਮ, ਤੇ ਕਵੀ ਸਯਾਮ"** । . . . ਅਤੇ ਕਦਾਚਿਤ ਵੀ ਇਸ ਦਾ ਮਤਲਬ ਮੈ **ਗੋਬਿੰਦ ਸਿੰਘ** (ਦਾਸ ਤੁਹਾਰ) ਨਹੀਂ ਬਣਦਾ ।

੩) ਨਾ ਹੀ ਇਹ **ਸਵੈਯਾ,** ਅਤੇ ਨਾ ਹੀ ਇਹ **ਦੋਹਰਾ, 'ਕਬਯੋ ਬਾਚ** ਬੇਨਤੀ ਚੋਪਈ' ਦਾ ਅੰਗ ਹਨ । ਅਤੇ ਨ ਹੀ ਇਨਾਂ ਦੋਨਾਂ ਵਿਚੋਂ ਕੋਈ, ਸਣੇ (ਨਾਨਕ ਯਾ ਗੋਬਿੰਦ ਅਖੱਰ ਤੋਂ ਸਖਣੀ) ਚੌਪਈ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ । ਇਸ ਲਈ ਇਸ ਸਥਿਤੀ ਵਿਚ, ਕਿਹੜਾ ਟਰਿੱਕ (trick) ਯਾ ਹੇਰਾਫੇਰੀ ਹੈ, ਜਿਸ ਰਾਹੀਂ ਕਿ ਸਾਰੇ ਸਿੱਖ ਜਗਤ ਨੂੰ ਉਲੂ ਬਣਾ ਕੇ ਇਹ ਯਕੀਨ ਦਵਾਇਆ ਗਿਆ, ਕਿ ਇਹ ਤਿਨੋਂ ਦੇ ਤਿਨ (ਚੌਪਈ, ਸਵੈਯਾ, ਅਤੇ ਦੋਹਰਾ) ਗੁਰੂ ਕ੍ਰਿਤ ਨਾ ਹੋਣ ਦੇ ਬਾਬਜੂਦ, ਗੁਰੂ ਕ੍ਰਿਤ ਹਨ ? - - - **ਬੜਾ ਸੁਆਦੀ ਹੈ ਇਹ ਟਰਿੱਕ !** ਬਸ, ੧੧੩੨ ਸਫੇ ਲਾਂਭੇ ਸਫਾ ੨੫੪ (ਕਬਿਤ-ਦਗ) ਦੇ ਦੋਹਰੇ ਵਿਚ ਆਉਂਦੇ ਅਖੱਰ 'ਗੋਬਿੰਦ" ਦਾ ਪੂਰਾ ਫਾਇਦਾ ਉਠਾਉਂਦੇ ਹੋਏ, ਇਸ ਦੋਹਰੇ ਨੂੰ ਬੜੀ ਉਸਤਾਦੀ ਨਾਲ ਚੁਕ ਕੇ, ਦੂਜੇ ਦੋ (ਚੌਪਈ ਤੇ ਸਵੈਯੇ) ਨਾਲ ਜੋੜਨ ਦੀ ਲੋੜ ਸੀ । ਜੋ ਜੋੜ ਦਿਤਾ । ਅਤੇ ਇਸ ਹੇਰਾਫੇਰੀ ਨਾਲ ਸਾਰਿਆਂ ਨੂੰ ਉਲੂ ਬਣਾ ਕੇ ਯਕੀਨ ਦਿਵਾ ਦਿਤਾ, ਕਿ ਇਹ ਤਿਨੋਂ ਹੀ (ਚੌਪਈ, ਸਵੈਯਾ, ਅਤੇ ਦੋਹਰਾ) ਗੁਰੂ ਕ੍ਰਿਤ ਨਾ ਹੋਣ ਦੇ ਬਾਬਜੂਦ, ਗੁਰੂ ਕ੍ਰਿਤ ਹਨ । ਕਿਉਂਕਿ ਉਸਤਾਦਾਂ ਨੂੰ ਪਤਾ ਸੀ । ਕਿ ਅਖੱਰ 'ਗੋਬਿੰਦ' ਦੀ ਝੱਲਕ ਥਲੇ ਨਾ ਤਾਂ ਕਿਸੇ ਨੇ ਪੁਛਣਾ ਹੈ, ਅਤੇ ਨਾ ਹੀ ਕਿਸੇ ਨੂੰ ਯਾਦ ਹੋਣਾ ਹੈ । ਕਿ ੧੧੩੨ ਸਫੇ ਪਹਿਲਾਂ ਰਮਾਇਣ ਕਥਾ ਦੀ ਅੰਤਕਾ ਵਿਚ ਲਿਖੇ ਇਸ ਦੋਹਰੇ ਵਿਚ, ਇਸ ਅਖਰ 'ਗੋਬਿੰਦ" ਦਾ ਮਤਲਬ ਹੈ 'ਦੁਰਗਾ' । ਅਤੇ 'ਗੁਰੂ ਗੋਬਿੰਦ ਸਿੰਘ' ਨਹੀਂ ।

**੪)** ਸਵੈਯੇ ਦੀ ਆਖਰੀ ਲਾਈਨ । ਜੋਕਿ ਸਾਰੇ ਸਿਖ ਜਗਤ ਨੂੰ ਬੇਵਕੂਫ ਬਣਾਓਣ ਲਈ ਸਾਰਿਆਂ ਤੋਂ ਲਕੋਈ ਗਈ ਹੈ । ਉਹ ਲਾਇਨ ਹੈ । "ਇਤਿ **ਸ੍ਰੀ ਰਾਮਾਇਣ** ਸਮਾਪਤਮ ਸਤੁ ਸੁਭਮ ਸਤੁ॥" । ਸੋਈ, ਇਸ ਲਾਈਨ ਦੇ ਮਦੇ ਨਜ਼ਰ ਸਿਖਾਂ ਨੂੰ ਕੋਈ ਪੁਛੇ ਕਿ, ਕੀ ਗੁਰੂ ਗੋਬਿੰਦ ਸਿੰਘ ਜੀ ਸਾਰੀ ਉਮਰ ਰਮਾਇਣ ਲਿਖਣ 'ਚ ਹੀ ਰੁਝੇ ਰਹੇ?

## ਦੋਹਰੇ ਦੇ ਅਖੱਰ "ਗੋਬਿੰਦ" ਦਾ ਚਮਤਕਾਰ:

ਕੋਈ ਸ਼ਕ ਨਹੀਂ, ਕਿ ਉਪਰ ਲਿਖੇ ਅਖੱਰ 'ਗੋਬਿੰਦ' ਨਾਲ, ਬੜੀ ਉਸਤਾਦੀ ਨਾਲ ਕੀਤੀ ਹੋਈ ਹੇਰਾਫੇਰੀ ਅਤੇ ਖਿਲਵਾੜ, ਪਹਿਲੀ ਨਜ਼ਰੇ, ਬੜੀ ਮਸੂਮ ਅਤੇ ਸਾਧਾਰਣ ਜਹੀ ਚੀਜ਼ ਲਗਦੀ ਹੈ । ਪਰ ਜਦੋਂ ਇਸ ਦੀ ਚਲਾਕੀ ਅਤੇ ਉਸਤਾਦੀ ਦੀ ਡੂੰਘਾਈ ਦੀ ਸਮਝ ਆਉਂਦੀ ਹੈ । ਤਾਂ ਆਮਹਾਰੇ ਹੀ ਇਸ ਹੇਰਾਫੇਰੀ ਅਤੇ ਖਿਲਵਾੜ ਦੇ ਉਸਤਾਦਾਂ ਅਤੇ ਕਰਤਿਆਂ ਅਗੇ ਸਿਰ ਝੁਕ ਜਾਂਦਾ ਹੈ ।

ਤੇ ਅੰਦਰੋਂ ਇਕ ਮਧਮ ਜਹੀ ਅਵਾਜ਼ ਨਿਕਲਦੀ ਹੈ। ਜੋ ਕਹਿੰਦੀ ਹੈ, ਕਿ "ਬਲੇ ਉਹ ਉਸਤਾਦੋ, ਅਸੀਂ ਤੁਹਾਡੀ ਦੋਹਰੇ ਦੇ ਅਖੱਰ 'ਗੋਬਿੰਦ' ਨਾਲ ਕੀਤੀ ਹੋਈ ਉਸਤਾਦੀ ਅਗੇ ਸਿਰ ਝੁਕਾਉਂਦੇ ਹਾਂ। ਜਿਸ ਨਾਲ ਕਿ ਤੁਸੀਂ ਸਾਰੀ ਸਿੱਖ ਕੌਮ ਨੂੰ ਭੰਬਲਭੂਸੇ ਵਿਚ ਪਾਉਣ ਦੀ ਖੇਲ ਦਾ ਬੜਾ ਕਾਮਯਾਬ ਤਗਮਾ ਜਿੱਤ ਮਾਰਿਆ ਹੈ"।

ਇਸ ਲਈ, ਸਿਖੀ ਹਿਤ ਇਸ ਭੰਬਲਭੂਸੇ ਚੋਂ ਸਦੀਵੀ ਬਾਹਰ ਨਿਕਲਣ ਲਈ ਅਤੇ ਉਸ ਉਸਤਾਦੀ ਤੋਂ ਜਾਗਰਤ ਹੋਣ ਲਈ, ਆਉ ਦੇਖੀਏ, ਕਿ ਉਹ ਕਿਹੜੀਆਂ ਕਾਮਯਾਬ ਸਿਖਾਂ ਦਾ ਮਨ ਬੱਸ ਕਰਨ ਵਾਲੀਆਂ **ਪ੍ਰਾਪਤੀਆਂ** ਹਨ, ਜਿਸ ਨਾਲ ਕਿ ਇਸ ਦੇ ਕਰਤਿਆਂ ਨੇ ਬੜੇ ਮਸੂਮ ਜਹੇ ਚਮਤਕਾਰ ਅਖਰ **'ਗੋਬਿੰਦ'** ਦੀ ਦੁਰਵਰਤੋਂ ਕਰਕੇ ਸਿਖ ਮਾਨਸਕਤਾ ਨੂੰ ਆਪਣੇ ਬਸ ਕਰਨ ਦੀ ਮਲ ਮਾਰੀ ਹੈ।

**ੳ) ਤਬਾਦਲਾ - ਧਾਰਮਿਕ ਉਚਤਾ ਦਾ (ਗੈਰ ਸਿੱਖ ਅਧਾਰ ਕਵਤਾ ਤੋਂ - > ਸਿੱਖ ਨਿਤਨੇਮ);**

- **ਚਿਤ੍ਰੋਪਾਖਿਆਨ** ਦੇ ਚਿਤ੍ਰ ੪੦੪ ਦੀ **ਚੌਪਈ** --> ਸਿੱਖ ਨਿਤਨੇਮ - ਰਹਿਰਾਸ
- **ਰਮਾਇਣ** ਕਥਾ ਦਾ **ਸਵੈਯਾ** --> ਸਿੱਖ ਨਿਤਨੇਮ - ਰਹਿਰਾਸ
- **ਰਮਾਇਣ** ਕਥਾ ਦਾ **ਦੋਹਰਾ** --> ਸਿੱਖ ਨਿਤਨੇਮ - ਰਹਿਰਾਸ

**ਅ) ਤਬਾਦਲਾ - ਲੇਖਕ ਦੇ ਨਾਮ ਦਾ (ਦੁੱਕੀ ਤਿੱਕੀ -- > ਗੁਰੂ ਗੋਬਿੰਦ ਸਿੰਘ ਸਾਹਿਬ);**

- **ਚਿਤ੍ਰੋਪਾਖਿਆਨ** ਦੇ ਲੇਖਕ ਰਾਮ ਤੇ ਸਯਾਮ --> ਗੁਰੂ ਗੋਬਿੰਦ ਸਿੰਘ ਸਾਹਿਬ
- **ਰਮਾਇਣ ਸਵੈਯੇ ਦੇ ਲੇਖਕ ਰਾਮ ਤੇ ਸਯਾਮ** --> ਗੁਰੂ ਗੋਬਿੰਦ ਸਿੰਘ ਸਾਹਿਬ
- **ਰਮਾਇਣ** ਦੇ **ਦੋਹਰੇ ਦੇ ਲੇਖਕ ਰਾਮ ਤੇ ਸਯਾਮ** --> ਗੁਰੂ ਗੋਬਿੰਦ ਸਿੰਘ ਸਾਹਿਬ

**ੲ) ਤਬਾਦਲਾ - ਪ੍ਰਭਸੁਤਾ ਦਾ (ਦਾਸੀ -- > ਸਾਹਿਬ);**

- **ਚਿਤ੍ਰ# ੪੦੪ ਦੀ ਦੁਰਗਾ (ਜਗ ਮਾਤਾ)** --> ਗੁਰੂ ਗੋਬਿੰਦ ਸਿੰਘ ਸਾਹਿਬ
- **ਰਮਾਇਣ ਸਵੈਯੇ ਦੀ ਦੁਰਗਾ** --> ਗੁਰੂ ਗੋਬਿੰਦ ਸਿੰਘ ਸਾਹਿਬ
- **ਰਮਾਇਣ** ਦੇ **ਦੋਹਰੇ ਦੀ ਦੁਰਗਾ** --> ਗੁਰੂ ਗੋਬਿੰਦ ਸਿੰਘ ਸਾਹਿਬ

**ਸ) ਤਬਾਦਲਾ - ਪ੍ਦਵੀ ਦਾ (ਗੁਰੂ ਗੋਬਿੰਦ ਸਿੰਘ ਸਾਹਿਬ -- > zero ਸਿਫਰ);**

- ਗੁਰੂ ਗੋਬਿੰਦ ਸਿੰਘ ਸਾਹਿਬ --> ਇਕ ਦੁਰਗਾ ਭਗਤ - zero
- ਗੁਰੂ ਗੋਬਿੰਦ ਸਿੰਘ ਸਾਹਿਬ --> ਲੇਖਕ - ਚਿਤ੍ਰੋਪਾਖਿਆਨ ਦਾ - zero
- ਗੁਰੂ ਗੋਬਿੰਦ ਸਿੰਘ ਸਾਹਿਬ --> ਲੇਖਕ - ਰਮਾਇਣ ਦੇ ਸਵੈਯੇ ਦਾ - zero
- ਗੁਰੂ ਗੋਬਿੰਦ ਸਿੰਘ ਸਾਹਿਬ --> ਲੇਖਕ - ਦੁਰਗਾ ਦੇ ਦੋਹਰੇ ਦਾ - zero

**ਨਚੋੜ: . . .** ਕਥਿਤ-ਦਗ ਦੀ ਅੰਦਰੂਨੀ ਸਬੂਤਾਂ ਦੇ ਅਧਾਰ ਤੇ, ਕਬਯੋ ਬਾਚ ਬੇਨਤੀ **ਚੌਪਈ, ਸਵੈਏ,** ਅਤੇ **ਦੋਹਰੇ** ਦੇ ਕਰਤਾ **ਕਬਿ ਰਾਮ,** ਤੇ **ਕਬਿ ਸਯਾਮ** ਹਨ। ਅਤੇ **ਗੁਰੂ ਗੋਬਿੰਦ ਸਿੰਘ ਸਾਹਿਬ ਕਦਾਚਿਤ ਨਹੀ।**